### *ਵਿਦਿਆਰਥੀਆਂ ਲਈ ਨਿੱਜੀ ਤੌਰ ਤੇ CELDT ਦੇ ਨਤੀਜੇ ਕਿਵੇਂ ਦੱਸੇ ਜਾਂਦੇ ਹਨ?*

ਕੋਈ ਵੀ ਵਿਦਿਆਰਥੀ ਅੰਗਰੇਜ਼ੀ ਦੀ ਮਹਾਰਤ ਦੇ ਪੰਜ ਪੱਧਰ ਪ੍ਰਾਪਤ ਕਰ ਸਕਦਾ ਹੈ। ਉਹ ਹਨ: ਆਰੰਭਕ, ਅਗੇਤਾ ਵਿਚਕਾਰਲਾ, ਵਿਚਕਾਰਲਾ, ਅਗੇਤਾ ਵਿਕਸਿਤ ਅਤੇ ਵਿਕਸਿਤ ਪੱਧਰ।

ਹਰ ਵਿਦਿਆਰਥੀ ਲਈ ਰਿਪੋਰਟ ਇਹ ਦੱਸਦੀ ਹੈ:

- ਟੈੱਸਟ ਦੇ ਹਰ ਹਿੱਸੇ ਲਈ ਮਹਾਰਤ ਦਾ ਪੱਧਰ, ਵਿਦਿਆਰਥੀ ਦੇ ਨੰਬਰਾਂ ਸਮੇਤ
- ਟੈੱਸਟ ਦੇ ਸਾਰੇ ਹਿੱਸਿਆਂ ਲਈ ਵਿਦਿਆਰਥੀ ਦੀ ਅੰਗਰੇਜ਼ੀ ਦੀ ਸਮੁੱਚੀ ਮਹਾਰਤ ਅਤੇ ਵਿਦਿਆਰਥੀ ਦੇ ਸਮੁੱਚੇ ਨੰਬਰ

### *CELDT ਦੇ ਨਤੀਜਿਆਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ?*

ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਟੈੱਸਟ ਨਤੀਜਿਆਂ ਦੀ ਵਰਤੋਂ ਅੰਗਰੇਜ਼ੀ ਦੇ ਉਨ੍ਹਾਂ ਸਿਖਾਂਦਰੂਆਂ ਦੀ ਪਛਾਣ ਕਰਨ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਅੰਗਰੇਜ਼ੀ ਵਿਚ ਆਪਣੇ ਬੋਲਣ, ਸੁਣਨ, ਪੜ੍ਹਣ ਅਤੇ ਲਿਖਣ ਦੇ ਹੁਨਰ ਵਿਕਸਿਤ ਕਰਨ ਦੀ ਲੋੜ ਹੈ। CELDT ਦੇ ਸਲਾਨਾ ਟੈੱਸਟਾਂ ਦੇ ਨਤੀਜਿਆਂ ਦੀ ਵਰਤੋਂ ਇਹ ਦੇਖਣ ਲਈ ਕੀਤੀ ਜਾਂਦੀ ਹੈ ਕਿ ਵਿਦਿਆਰਥੀ ਕਿੰਨੀ ਕੁ ਚੰਗੀ ਤਰ੍ਹਾਂ ਅੰਗਰੇਜ਼ੀ ਸਿੱਖ ਰਹੇ ਹਨ। ਸਲਾਨਾ ਨਤੀਜਿਆਂ ਦੀ ਵਰਤੋਂ ਇਹ ਫੈਸਲਾ ਕਰਨ ਲਈ ਵੀ ਕੀਤੀ ਜਾਂਦੀ ਹੈ ਕਿ ਵਿਦਿਆਰਥੀ ਕਦੋਂ ਅੰਗਰੇਜ਼ੀ ਵਿਚ ਬੇਅਟਕ ਮਾਹਰ (FEP) ਹੋਏ ਹਨ।

### *ਮਾਪੇ/ਗਾਰਡੀਅਨ CELDT ਜਾਂ ਆਪਣੇ ਬੱਚੇ ਦੇ ਨਤੀਜਿਆਂ ਬਾਰੇ ਜ਼ਿਆਦਾ ਕਿਵੇਂ ਜਾਣ ਸਕਦੇ ਹਨ?*

ਜੇ ਮਾਪੇ/ਗਾਰਡੀਅਨ CELDT ਬਾਰੇ ਜਾਂ CELDT ਟੈੱਸਟ ਵਿਚ ਆਪਣੇ ਬੱਚਿਆਂ ਦੇ ਨਤੀਜਿਆਂ ਬਾਰੇ ਜ਼ਿਆਦਾ ਜਾਣਕਾਰੀ ਲੈਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਬੱਚੇ ਦੇ ਅਧਿਆਪਕ ਅਤੇ/ਜਾਂ ਸਕੂਲ ਦੇ ਦਫਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਮਾਪਿਆਂ/ਗਾਰਡੀਅਨਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਉਹ CELDT ਦੇ ਨਤੀਜਿਆਂ ਤੇ ਵਿਚਾਰ ਕਰਨ ਲਈ ਮੀਟਿੰਗ ਦੀ ਮੰਗ ਕਰਨ ਜਾਂ ਸਕੂਲ ਵਲੋਂ ਜਾਣਕਾਰੀ ਦੇਣ ਵਾਲੀਆਂ ਮੀਟਿੰਗਾਂ ਵਿਚੋਂ ਕਿਸੇ ਮੀਟਿੰਗ ਵਿਚ ਸ਼ਾਮਲ ਹੋਣ।

### *ਜ਼ਿਆਦਾ ਜਾਣਕਾਰੀ ਲਈ...*

CELDT ਬਾਰੇ ਜਾਣਕਾਰੀ:
http://www.cde.ca.gov/ta/tg/el.
ਇੰਟਰਨੈੱਟ ਤੇ।

# ਕੈਲੇਫੋਰਨੀਆ ਦਾ ਅੰਗਰੇਜ਼ੀ ਜ਼ਬਾਨ ਦੇ ਵਿਕਾਸ ਦਾ ਟੈੱਸਟ

(California English Language Development Test)

# ਮਾਪਿਆਂ ਲਈ ਜਾਣਕਾਰੀ

*ਤਿਆਰ ਕਰਤਾ*
*ਸਟੈਂਡਰਡਜ਼ ਐਂਡ ਅਸਿਸਮੈਂਟ ਡਿਵੀਜ਼ਨ*
*ਕੈਲੇਫੋਰਨੀਆ ਡਿਪਾਰਟਮੈਂਟ ਆਫ ਐਜੂਕੇਸ਼ਨ*

Punjabi DSP 68-F

## *ਕੈਲੇਫੋਰਨੀਆ ਦਾ ਅੰਗਰੇਜ਼ੀ ਜ਼ਬਾਨ ਦੇ ਵਿਕਾਸ ਦਾ ਟੈੱਸਟ ਕੀ ਹੈ?*

ਸਟੇਟ ਦਾ ਕਾਨੂੰਨ (ਐਜੂਕੇਸ਼ਨ ਕੋਡ ਸੈਕਸ਼ਨਜ਼ 313, 60810, ਅਤੇ 60812) ਅਜਿਹੇ ਸਟੇਟ ਟੈੱਸਟ ਦੀ ਤਿਆਰੀ ਦੀ ਮੰਗ ਕਰਦਾ ਹੈ ਜਿਹੜਾ ਸਕੂਲ ਜਿਲ੍ਹਿਆਂ ਨੂੰ ਉਨ੍ਹਾਂ ਵਿਦਿਆਰਥੀਆਂ ਲਈ ਜ਼ਰੂਰ ਦੇਣਾ ਪਵੇਗਾ ਜਿਨ੍ਹਾਂ ਦੀ ਘਰ ਦੀ ਜ਼ਬਾਨ ਅੰਗਰੇਜ਼ੀ ਨਹੀਂ ਹੈ। ਇਸ ਟੈੱਸਟ ਨੂੰ ਕੈਲੇਫੋਰਨੀਆ ਦਾ ਅੰਗਰੇਜ਼ੀ ਜ਼ਬਾਨ ਦੇ ਵਿਕਾਸ ਦਾ ਟੈੱਸਟ (ਕੈਲੇਫੋਰਨੀਆ ਇੰਗਲਿਸ਼ ਲੈਂਗੂਏਜ਼ ਡਿਵੈਲਪਮੈਂਟ ਟੈੱਸਟ) (California English Language Development Test, CELDT) ਕਿਹਾ ਜਾਂਦਾ ਹੈ।

## *CELDT ਦਾ ਮੰਤਵ ਕੀ ਹੈ?*

ਇਸ ਟੈੱਸਟ ਦਾ ਮੰਤਵ ਇਹ ਹੈ:

- ਉਨ੍ਹਾਂ ਨਵੇਂ ਵਿਦਿਆਰਥੀਆਂ ਦੀ ਪਛਾਣ ਕਰਨਾ ਜਿਹੜੇ ਕਿੰਡਰਗਾਰਟਨ ਤੋਂ ਗਰੇਡ 12 ਤੱਕ ਅੰਗਰੇਜ਼ੀ ਸਿੱਖ ਰਹੇ ਹਨ।
- ਅੰਗਰੇਜ਼ੀ ਦੀ ਸਿਖਿਆ ਵਿਚ ਉਨ੍ਹਾਂ ਦੀ ਤਰੱਕੀ ਤੇ ਨਿਗਰਾਨੀ ਰੱਖਣਾ।
- ਇਹ ਫੈਸਲਾ ਕਰਨ ਵਿਚ ਮਦਦ ਕਰਨਾ ਕਿ ਉਹ ਅੰਗਰੇਜ਼ੀ ਵਿਚ ਮਾਹਰ ਕਦੋਂ ਹੁੰਦੇ ਹਨ।



# ਕੈਲੇਫੋਰਨੀਆ ਦਾ ਅੰਗਰੇਜ਼ੀ ਜ਼ਬਾਨ ਦੇ ਵਿਕਾਸ ਦਾ ਟੈੱਸਟ

## *ਅੰਗਰੇਜ਼ੀ ਦਾ ਸਿਖਾਂਦਰੂ ਕੌਣ ਹੈ?*

ਅੰਗਰੇਜ਼ੀ ਦਾ ਸਿਖਾਂਦਰੂ ਉਹ ਵਿਦਿਆਰਥੀ ਹੈ ਜਿਸ ਦੀ ਘਰ ਦੀ ਜ਼ਬਾਨ ਅੰਗਰੇਜ਼ੀ ਦੀ ਥਾਂ ਕੋਈ ਹੋਰ ਹੈ ਅਤੇ ਜਿਹੜਾ ਅਜੇ ਅੰਗਰੇਜ਼ੀ ਵਿਚ ਪੂਰਾ ਮਾਹਰ ਨਹੀਂ ਹੈ।

## *CELDT ਦਾ ਟੈੱਸਟ ਕਿਸ ਨੂੰ ਜ਼ਰੂਰ ਦੇਣਾ ਪਵੇਗਾ?*

ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਕੈਲੇਫੋਰਨੀਆ ਪਬਲਿਕ ਸਕੂਲ ਵਿਚ ਪਹਿਲੀ ਵਾਰ ਦਾਖਲਾ ਲੈਣ ਤੋਂ ਬਾਅਦ ਪਹਿਲੇ 30 ਦਿਨਾਂ ਦੇ ਵਿਚ ਵਿਚ ਟੈੱਸਟ ਜ਼ਰੂਰ ਦੇਣਾ ਪਵੇਗਾ ਜਿਨ੍ਹਾਂ ਦੀ ਘਰ ਦੀ ਜ਼ਬਾਨ ਅੰਗਰੇਜ਼ੀ ਨਹੀਂ ਹੈ। ਅੰਗਰੇਜ਼ੀ ਸਿੱਖਣ ਵਾਲੇ ਉਨ੍ਹਾਂ ਵਿਦਿਆਰਥੀਆਂ ਨੂੰ ਵੀ ਹਰ ਸਾਲ ਇਕ ਵਾਰੀ ਉਦੋਂ ਤੱਕ CELDT ਦਾ ਟੈੱਸਟ ਜ਼ਰੂਰ ਦੇਣਾ ਪਵੇਗਾ ਜਦ ਤੱਕ ਉਹ ਅੰਗਰੇਜ਼ੀ ਵਿਚ ਮਾਹਰ ਨਹੀਂ ਹੋ ਜਾਂਦੇ।

## *CELDT ਵਿਚ ਕੀ ਕੀ ਆਉਂਦਾ ਹੈ?*

CELDT ਕਿੰਡਰਗਾਰਟਨ ਅਤੇ ਗਰੇਡ 1 ਵਿਚਲੇ ਵਿਦਿਆਰਥੀਆਂ ਲਈ ਸੁਣਨ ਅਤੇ ਬੋਲਣ ਦੇ ਹੁਨਰ ਟੈੱਸਟ ਕਰਦਾ ਹੈ। ਗਰੇਡ 2 ਤੋਂ ਲੈ ਕੇ ਗਰੇਡ 12 ਤੱਕ ਦੇ ਵਿਦਿਆਰਥੀਆਂ ਦੇ ਸੁਣਨ/ਬੋਲਣ, ਪੜ੍ਹਣ, ਅਤੇ ਲਿਖਣ ਦੇ ਹੁਨਰ ਪਰਖੇ ਜਾਂਦੇ ਹਨ। ਸਾਰੇ ਗਰੇਡ ਪੱਧਰਾਂ ਤੇ CELDT ਅੰਗਰੇਜ਼ੀ ਬੋਲੀ ਦੀ ਤਰੱਕੀ ਦੇ ਮਿਆਰਾਂ ਤੇ ਆਧਾਰਿਤ ਹੈ।

## *CELDT ਕੌਣ ਦਿੰਦਾ ਹੈ?*

ਸਿਰਫ ਮਾਹਰ ਪਰੀਖਿਅਕ (ਐਗਜ਼ਾਮੀਨਰ) ਹੀ ਟੈੱਸਟ ਦਿੰਦੇ ਹਨ। CELDT ਦੇ ਸੁਣਨ ਅਤੇ ਬੋਲਣ ਵਾਲੇ ਹਿੱਸਿਆਂ ਦਾ ਟੈੱਸਟ ਹਰ ਵਿਦਿਆਰਥੀ ਨੂੰ ਨਿੱਜੀ ਰੂਪ ਵਿਚ ਦਿੱਤਾ ਜਾਂਦਾ ਹੈ। ਪੜ੍ਹਣ ਅਤੇ ਲਿਖਣ ਵਾਲੇ ਹਿੱਸਿਆਂ ਦਾ ਟੈੱਸਟ ਵਿਦਿਆਰਥੀਆਂ ਦੇ ਗਰੁੱਪਾਂ ਨੂੰ ਦਿੱਤਾ ਜਾਂਦਾ ਹੈ।

## *CELDT ਨੂੰ ਪੂਰਾ ਕਰਨ ਲਈ ਵਿਦਿਆਰਥੀਆਂ ਨੂੰ ਕਿੰਨਾ ਸਮਾਂ ਲੱਗਦਾ ਹੈ?*

ਟੈੱਸਟ ਦੇ ਸੁਣਨ ਅਤੇ ਬੋਲਣ ਵਾਲੇ ਹਿੱਸਿਆਂ ਨੂੰ ਪੂਰਾ ਕਰਨ ਲਈ ਹਰ ਵਿਦਿਆਰਥੀ ਤਕਰੀਬਨ 15 ਮਿੰਟ ਲਾਉਂਦਾ ਹੈ। ਪੜ੍ਹਣ ਅਤੇ ਲਿਖਣ ਵਾਲੇ ਹਿੱਸਿਆਂ ਨੂੰ ਪੂਰਾ ਕਰਨ ਲਈ ਤਕਰੀਬਨ 70 ਮਿੰਟ ਲੱਗਦੇ ਹਨ।

## *ਮਾਪਿਆਂ/ਗਾਰਡੀਅਨਾਂ ਨੂੰ ਆਪਣੇ ਬੱਚਿਆਂ ਦੇ ਟੈੱਸਟ ਦੇ ਨਤੀਜਿਆਂ ਦਾ ਪਤਾ ਕਿਵੇਂ ਅਤੇ ਕਦੋਂ ਲੱਗਦਾ ਹੈ?*

ਜਦੋਂ ਹੀ ਟੈੱਸਟ ਕਰਨ ਵਾਲਾ ਕੌਨਟਰੈਕਟਰ ਨੰਬਰ ਲਾ ਦਿੰਦਾ ਹੈ ਤਾਂ ਨਤੀਜੇ ਸਕੂਲ ਜਿਲ੍ਹੇ ਨੂੰ ਵਾਪਸ ਭੇਜ ਦਿੱਤੇ ਜਾਂਦੇ ਹਨ। ਸਕੂਲ ਜਿਲ੍ਹਾ ਹਰ ਵਿਦਿਆਰਥੀ ਲਈ ਨਤੀਜਿਆਂ ਦੀ ਰਿਪੋਰਟ ਤਿਆਰ ਕਰਦਾ ਹੈ ਅਤੇ ਇਸ ਨੂੰ ਮਾਪਿਆਂ/ਗਾਰਡੀਅਨਾਂ ਨੂੰ ਭੇਜ ਦਿੰਦਾ ਹੈ।